# ਪ੍ਰਧਾਨ ਮੰਤਰੀ ਨੇ ਭੂਟਾਨ ਦੇ ਮਹਾਰਾਜਾ ਨਾਲ ਮੁਲਾਕਾਤ ਕੀਤੀ

ਮਾਰਚ 22, 2024

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ, ਅੱਜ ਥਿੰਫੂ ਵਿੱਚ, ਭੂਟਾਨ ਦੇ ਮਹਾਰਾਜਾ ਮਹਾਮਹੀਮ ਜਿਗਮੇ ਖੇਸਰ ਨਾਮਗਯਲ ਵਾਂਗਚੱਕ ਨਾਲ ਮੁਲਾਕਾਤ ਕੀਤੀ। ਪ੍ਰਧਾਨ ਮੰਤਰੀ ਨੂੰ ਪਾਰੋ ਤੋਂ ਥਿੰਫੂ ਤੱਕ ਦੇ ਪੂਰੇ ਸਫ਼ਰ ਦੇ ਦੌਰਾਨ, ਲੋਕਾਂ ਵੱਲੋਂ ਸ਼ੁਭਾਮਨਾਵਾਂ ਮਿਲੀਆਂ, ਪ੍ਰਧਾਨ ਮੰਤਰੀ ਨੇ ਇਸ ਬੇਮਿਸਾਲ ਜਨਤਕ ਸੁਆਗਤ ਲਈ ਮਹਾਮਹੀਮ ਦਾ ਧੰਨਵਾਦ ਕੀਤਾ।

2. ਪ੍ਰਧਾਨ ਮੰਤਰੀ ਅਤੇ ਭੂਟਾਨ ਦੇ ਮਹਾਰਾਜੇ ਨੇ ਭਾਰਤ-ਭੂਟਾਨ ਦੀ ਨਜ਼ਦੀਕੀ ਅਤੇ ਵਿਲੱਖਣ ਦੋਸਤੀ 'ਤੇ ਡੂੰਘੀ ਤਸੱਲੀ ਪ੍ਰਗਟ ਕੀਤੀ। ਪ੍ਰਧਾਨ ਮੰਤਰੀ ਨੇ ਦੋਵੇਂ ਮੁਲਕਾਂ ਦਰਮਿਆਨ ਦੋਸਤੀ ਅਤੇ ਸਹਿਯੋਗ ਦੇ ਨਜ਼ਦੀਕੀ ਸਬੰਧਾਂ ਨੂੰ ਆਕਾਰ ਦੇਣ ਵਿੱਚ ਡਰੁਕ ਗਾਇਲਪੋਸ ਦੁਆਰਾ ਪ੍ਰਦਾਨ ਕੀਤੇ ਮਾਰਗਦਰਸ਼ਕ ਦ੍ਰਿਸ਼ਟੀਕੋਣ ਲਈ ਆਪਣੀ ਪ੍ਰਸ਼ੰਸਾ ਪ੍ਰਗਟ ਕੀਤੀ।

3. ਇਸ ਮੁਲਾਕ਼ਾਤ ਨੇ ਦੁਵੱਲੇ ਸਹਿਯੋਗ ਦੇ ਸਮੁੱਚੇ ਰੂਪ ਦੀ ਸਮੀਖਿਆ ਕਰਨ ਦਾ ਮੌਕਾ ਪ੍ਰਦਾਨ ਕੀਤਾ। ਭੂਟਾਨ ਲਈ ਭਾਰਤ ਅਤੇ ਭਾਰਤ ਲਈ ਭੂਟਾਨ ਇੱਕ ਸਥਾਈ ਹਕੀਕਤ ਨੂੰ ਯਾਦ ਕਰਦੇ ਹੋਏ, ਦੋਵੇਂ ਨੇਤਾਵਾਂ ਨੇ ਪਰਿਵਰਤਨਸ਼ੀਲ ਸਾਂਝੇਦਾਰੀ ਨੂੰ ਅੱਗੇ ਵਧਾਉਣ ਦੇ ਤਰੀਕਿਆਂ 'ਤੇ ਚਰਚਾ ਕੀਤੀ। ਉਨ੍ਹਾਂ ਨੇ ਊਰਜਾ, ਵਿਕਾਸ ਸਹਿਯੋਗ, ਯੁਵਾ, ਸਿੱਖਿਆ, ਉੱਦਮਤਾ ਅਤੇ ਹੁਨਰ ਵਿਕਾਸ ਦੇ ਖੇਤਰਾਂ ਵਿੱਚ ਦੁਵੱਲੇ ਸਹਿਯੋਗ ਨੂੰ ਵਧਾਉਣ ਲਈ, ਪਹਿਲਕਦਮੀਆਂ ਬਾਰੇ ਚਿੰਤਨ ਕੀਤੀ। ਦੋਵੇਂ ਨੇਤਾਵਾਂ ਨੇ ਗੇਲੇਫੂ ਮਾਈਂਡਫੁਲਨੇਸ ਸਿਟੀ ਪ੍ਰੋਜੈਕਟ ਦੇ ਸੰਦਰਭ ਵਿੱਚ ਕੁਨੈਕਟੀਵਿਟੀ ਅਤੇ ਨਿਵੇਸ਼ ਪ੍ਰਸਤਾਵਾਂ ਵਿੱਚ ਪ੍ਰਗਤੀ ਬਾਰੇ ਵੀ ਚਰਚਾ ਕੀਤੀ।

4. ਭਾਰਤ ਅਤੇ ਭੂਟਾਨ ਦੋਸਤੀ ਅਤੇ ਸਹਿਯੋਗ ਦੇ ਵਿਲੱਖਣ ਸਬੰਧਾਂ ਦਾ ਆਨੰਦ ਮਾਣਦੇ ਹਨ, ਜੋ ਕਿ ਆਪਸੀ ਵਿਸ਼ਵਾਸ ਅਤੇ ਸਮਝ ਦੀ ਵਿਸ਼ੇਸ਼ਤਾ ਰੱਖਦੇ ਹਨ।

**ਥਿੰਫੂ**
**ਮਾਰਚ 22, 2024**